ਰ-1
27/09/18

# ਦਫਤਰ ਜਿਲ੍ਹਾ ਪ੍ਰੋਗਰਾਮ ਅਫਸਰ, ਮਾਨਸਾ

ਸੇਵਾ ਵਿਖੇ,

ਜਿਲ੍ਹਾ ਸਿੱਖਿਆ ਅਫਸਰ (ਸੈਕੰ.),
ਮਾਨਸਾ।

ਪੱਤਰ ਨੰ : 741 ਮਿਤੀ : 27/09/2018

ਵਿਸ਼ਾ :- **ਪੋਸ਼ਣ ਅਭਿਆਨ (ਨੈਸ਼ਨਲ ਨਿਊਟ੍ਰੀਸ਼ਨ ਮਿਸ਼ਨ) ਤਹਿਤ ਸਤੰਬਰ ਨੈਸ਼ਨਲ ਨਿਊਟ੍ਰੀਸ਼ਨ ਮਿਸ਼ਨ ਮਾਹ ਦੀ ਮੀਟਿੰਗ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਜਿਲ੍ਹਾ, ਮਾਨਸਾ ਵਿਖੇ ਪੋਸ਼ਣ ਅਭਿਆਨ (ਨੈਸ਼ਨਲ ਨਿਊਟ੍ਰੀਸ਼ਨ ਮਿਸ਼ਨ) ਮੁਹਿੰਮ ਚੱਲ ਰਹੀ ਹੈ। ਜਿਸ ਦਾ ਮੁੱਖ ਉਦੇਸ਼ ਨਵ-ਜੰਮੇ ਬੱਚੇ, ਕਿਸ਼ੋਰ ਬੱਚਿਆ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉ ਮਾਂਵਾਂ ਵਿੱਚ ਪਾਏ ਜਾਂਦੇ ਕੁਪੋਸ਼ਣ ਨੂੰ ਖਤਮ ਕਰਨਾ ਹੈ। ਨੈਸ਼ਨਲ ਨਿਊਟ੍ਰਸ਼ੀਨ ਮਿਸ਼ਨ ਅਧੀਨ ਮਾਨਯੋਗ ਡਿਪਟੀ ਕਮਿਸ਼ਨਰ, ਮਾਨਸਾ ਜੀ ਦੀ ਪ੍ਰਧਾਨਗੀ ਹੇਠ ਮਿਤੀ: 01/10/2018 ਨੂੰ ਸਮਾਂ ਬਾਅਦ ਦੁਪਹਿਰ 3.30 ਵਜੇ ਬਚਤ ਭਵਨ, ਮਾਨਸਾ ਵਿਖੇ ਮੀਟਿੰਗ ਰੱਖੀ ਗਈ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮੀਟਿੰਗ ਵਿੱਚ ਨਿੱਜੀ ਪੱਧਰ ਤੇ ਸ਼ਾਮਲ ਹੋਣ ਅਤੇ ਜਿਲ੍ਹਾ, ਮਾਨਸਾ ਅਧੀਨ ਆਉਂਦੇ ਸਾਰੇ ਸਕੂਲਾਂ ਅਤੇ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਵੀ ਮੀਟਿੰਗ ਵਿੱਚ ਸਮੇਂ ਸਿਰ ਹਾਜਰ ਹੋਣ ਲਈ ਪਾਬੰਧ ਕੀਤਾ ਜਾਵੇ ਜੀ।

(ਦਸਤਖਤ) 27/9/18
ਜਿਲ੍ਹਾ ਪ੍ਰੋਗਰਾਮ ਅਫਸਰ
ਮਾਨਸਾ

ਪਿੰਠ ਅੰਕਣ ਨੰ: ਮਿਤੀ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ :-

1. ਮਾਨਯੋਗ ਡਿਪਟੀ ਕਮਿਸ਼ਨਰ, ਮਾਨਸਾ।
2. ਸਹਾਇਕ ਡਿਪਟੀ ਕਮਿਸ਼ਨਰ(ਜ), ਮਾਨਸਾ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ: 01/10/2018 ਨੂੰ ਸਮਾਂ ਬਾਅਦ ਦੁਪਹਿਰ 3.30 ਵਜੇ ਮੀਟਿੰਗ ਕਰਨ ਲਈ ਬਚਤ ਭਵਨ ਅਤੇ ਪੋਜੈਕਟਰ ਦੀ ਬੁੱਕਿੰਗ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

— ਸਹੀ —
ਜਿਲ੍ਹਾ ਪ੍ਰੋਗਰਾਮ ਅਫਸਰ
ਮਾਨਸਾ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ

ਪਿ.ਅੰ.ਨੰ: ਈਨ/MCO 2018-19/6366 ਮਿਤੀ ਮਾਨਸਾ: 28.09.2018

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ (ਸਸਸ/ਸਹਸ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਸਕੂਲ ਮੁੱਖੀ 01 ਅਕਤੂਬਰ ਅਧਿਆਪਕ ਭੇਜੇ ਦੇ ਕਾਰਜਾਂ ਨੂੰ ਸੁਨਿਸ਼ਚਿਤ ਕਰਨਾ ਯਕੀਨੀ ਬਣਾਉਣ।

(ਦਸਤਖਤ)
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਮਾਨਸਾ

Scanned with CamScanner